# ਅਖ਼ੀਰ ਦੀ ਬੇਨਤੀ

ਜਿਸ ਮੰਤਵ ਨੂੰ ਮੁਖ ਰਖਦੇ ਹੋਇਆਂ ਇਸ ਪੁਸਤਕ ਨੂੰ ਅਰੰਭ ਕੀਤਾ ਗਿਆ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਿਹਰ ਤੇ ਬਖ਼ਸ਼ਿਸ਼ ਸਦਕੇ ਇਤਨਾ ਕੁਝ ਲਿਖ ਕੇ ਸ਼ੰਕਾਵਾਦੀਆਂ ਦੇ ਸ਼ੰਕੇ ਦੂਰ ਕਰਨ ਦਾ ਯਤਨ ਕੀਤ ਹੈ । ਆਸ ਹੈ ਕਿ ਪਾਠਕਾਂ ਨੂੰ ਤਸਲੀ ਹੋ ਗਈ ਹੋਵੇਗੀ ਕਿ ਸ੍ਰੀ ਹਜ਼ੂਰ ਸਾਹਿਬ ਤਖ਼ਤ ਸਚਖੰਡ ਅਬਚਲ ਨਗਰ ਕੀ ਪੂਜਾ ਮ੍ਰਿਯਾਦਾ ਹੁਣ ਜੋ ਚਲੀ ਆ ਰਹੀ ਹੈ, ਅਤੇ ਆਸਾਰ ਕਦੀਮਾਂ ਵਾਂਗੂ ਸਦਾ ਸੰਭਾਲ ਰਖਣੀ ਚਾਹੀਏ । ਜੈਸੇ ਅਸੀਂ ਦੇਖਦੇ ਹਾਂ ਕਿ ਸਿਨਮੇ ਦੇ ਗੀਤ ਅਤੇ ਤਰਜ਼ ਦਾ ਵਧੇਰੇ ਰਿਵਾਜ਼ ਪੈ ਜਾਣ ਤੇ ਗੁਰੂ ਘਰ ਦੀ ਪੁਰਾਤਨ ਕੀਰਤਨ ਰੀਤ ਰਸਮਾਂ ਤੇ ਧੁਨਾਂ ਅਲੋਪ ਹੋ ਰਹੀਆਂ ਹਨ, ਐਸੇ ਹੀ ਗੁਰੂ ਧਾਮਾਂ ਦੀ ਪਵਿਤ੍ਰਤਾ ਅਤੇ ਮ੍ਰਿਯਾਦਾ ਵੀ ਬਹੁਤ ਕੁਝ ਬਦਲ ਗਈਆਂ ਜਾਂ ਬਦਲ ਦਿਤੀਆਂ ਹਨ । ਪਰ ਸ੍ਰੀ ਹਜ਼ੂਰ ਸਾਹਿਬ ਵਿਚ ਅਜੇ ਯੂਰਪੀ ਫ਼ੈਸ਼ਨ ਅਤੇ ਨਾਸਤਕਤਾ ਉਪਜਾਓ ਰਿਵਾਜ਼ਾਂ ਦਾ ਇਥੇ ਅਸਰ ਨਹੀਂ ਹੋਇਆ ਤੇ ਪੁਰਾਤਨ ਸਿਖੀ ਅਸੂਲਾਂ ਅਤੇ ਰਹੁ ਰੀਤਾਂ ਨੂੰ ਸੰਭਾਲ ਰਖਿਆ ਹੈ । ਇਨ੍ਹਾਂ ਉਤੇ ਤਰਕ ਨਹੀਂ, ਸਗੋਂ ਇਨ੍ਹਾਂ ਦੀ ਰੀਸੇ ਚਲਨਾ ਚਾਹੀਏ । ਤਦ ਗੁਰਮਤ ਦਾ ਸਹੀ ਪਾਲਨ ਜਾਣਿਆ ਜਾਇਗਾ ।

ਜ਼ੋਰੀਂ ਕਿਸੇ ਨੂੰ ਕੁਝ ਮਨਾਇਆ ਨਹੀਂ ਜਾ ਸਕਦਾ, ਪਰ ਗੁਰੂ ਵਾਕਾਂ ਅਤੇ ਗੁਰੁ ਇਤਹਾਸਾਂ ਮੁਤਾਬਿਕ ਜਿਥੋਂ ਤੀਕ ਹੋਇਆ ਹੈ, ਇਸ ਪੁਸਤਕ ਵਿਚ ਉਤਰ ਪ੍ਰਸ਼ਨ ਦੇ ਰੂਪ ਦਾ ਤਰਕਵਾਦੀਆਂ ਨੂੰ ਉਤਰ ਦਿਤਾ ਹੈ । ਮੰਨਣ ਵਾਲਿਆਂ ਦੇ ਧੰਨਵਾਦੀ ਹਾਂ ਅਤੇ ਨਾਂਹ ਮੰਨਣ ਵਾਲਿਆਂ ਨਾਲ ਹੱਠ ਨਹੀਂ ਹੈ । ਉਹਨਾਂ ਤੋਂ ਵਕਤ ਖ਼ਰਚ ਕੀਤੇ ਦੀ ਖਿਮਾ ਚਾਹੁੰਦੇ ਹਾਂ, ਜੋ ਉਹਨਾਂ ਨੇ ਪੜ੍ਹਨ ਦੀ ਖੇਚਲ ਕੀਤੀ । ਐਸੇ ਸਾਰਿਆਂ ਪਾਠਕਾਂ ਦੇ ਧੰਨਵਾਦੀ ਹੋਵਾਂਗੇ, ਜੋ ਸਮਾਂ ਖ਼ਰਚ ਕੇ ਇਸਨੂੰ ਧਿਆਨ ਨਾਲ ਅਤੇ ਸਚ ਨੂੰ ਲੱਭਣ ਦੇ ਖ਼ਿਆਲ ਨਾਲ ਇਸਨੂੰ ਪੜ੍ਹਨਗੇ ਅਤੇ ਸ੍ਰੀ ਹਜ਼ੂਰ ਸਾਹਿਬ ਮਿਰਯਾਦਾ ਦੇ ਧਾਰਨੀ ਹੋਣਗੇ ਜਾਂ ਘਟੋ ਘਟ ਅਗੇ ਨੂੰ ਤਰਕ ਨਹੀਂ ਕਰਨਗੇ, ਕਿਉਂਕਿ ਹਜ਼ੂਰੀ ਸਿੰਘਾਂ ਨੂੰ ਪਤਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਆਤਮ ਜੋਤ ਸਦਾ ਮੌਜੂਦ ਤੇ ਹਾਜ਼ਰਾ ਹਜ਼ੂਰ ਹੈ । ਉਸ ਤੋਂ ਡਰਦੇ ਤੇ ਪ੍ਰੇਮ ਭਰੋਸੇ ਨਾਲ ਐਸੀ ਸੇਵਾ ਮਿਰਯਾਦਾ ਨੂੰ ਨਿਭਾਹ ਰਹੇ ਹਨ ।

⊗⊗⊗⊗⊗